**Journal of Advances and Scholarly Researches in Allied Education**
**Vol. XIV, Issue No. 1, October-2017, ISSN 2230-7540**

# ਭਗਤ ਬਾਣੀ: ਪ੍ਰਤਿਰੋਧੀ ਸਰੋਕਾਰ

**Preet Inder Singh***

Assistant Professor, Department of Punjabi, Post Graduate Government College, Sector-46, Chandigarh

**Abstract** - *ਗੁਰੂ ਗ੍ਰੰਥ ਸਾਹਿਬ ਵਿੱਚ ਦਰਜ ਭਗਤ ਬਾਣੀ ਦੇ ਸਮਾਜਿਕ ਸਰੋਕਾਰਾਂ ਦੀਆਂ ਦਿਸ਼ਾਵਾਂ ਬਹੁਪਰਤੀ ਤੇ ਬਹੁਪਾਸਾਰੀ ਹਨ। ਭਗਤ ਬਾਣੀ ਵਿਚ ਅਧਿਆਤਮਕਤਾ ਨੂੰ ਹੀ ਪ੍ਰਵਚਨ ਬਣਾ ਕੇ ਪੇਸ਼ ਕਰਨ ਦੇ ਨਾਲ-ਨਾਲ ਸਗੋਂ ਭਗਤ ਕਵੀਆਂ ਨੇ ਸਮਾਜਿਕ ਸਰੋਕਾਰਾਂ ਨੂੰ ਕੇਂਦਰ ਵਿਚ ਰੱਖ ਕੇ ਸਮਕਾਲੀਨ ਸਮਾਜਕ ਵਿਵਸਥਾ ਵਿਚ ਕਾਰਜਸ਼ੀਲ ਪ੍ਰਬੰਧ ਨੂੰ ਵੀ ਆਪਣੇ ਆਪਣੇ ਦ੍ਰਿਸ਼ਟੀਕੋਣ ਤੋਂ ਪਰਿਭਾਸ਼ਿਤ ਕੀਤਾ ਹੈ। ਇਨ੍ਹਾਂ ਭਗਤ ਕਵੀਆਂ ਨੇ ਉਨ੍ਹਾਂ ਸਮਾਜਕ ਵਿਸੰਗਤੀਆਂ ਨੂੰ ਆਪਣੀਆਂ ਰਚਨਾਵਾਂ ਵਿਚ ਪੇਸ਼ ਕੀਤਾ, ਜਿਨ੍ਹਾਂ ਜ਼ਰੀਏ ਭਗਤ ਬਾਣੀ ਵਿਚ ਪ੍ਰਤਿਰੋਧਕ ਵਿਚਾਰ ਪ੍ਰਬੰਧ ਦਾ ਉਦੈ ਹੁੰਦਾ ਹੈ। ਭਗਤ ਕਵੀਆਂ ਨੇ ਆਪਣੀਆਂ ਰਚਨਾਵਾਂ ਵਿਚ ਉਸ ਵੇਲ਼ੇ ਦੇ ਦੰਭੀ ਧਾਰਮਿਕ ਆਗੂਆਂ, ਦਿਖਾਵੇ ਦੇ ਕਰਮਕਾਡਾਂ, ਧਰਮ ਰਾਹੀਂ ਸਮਾਜ ਵਿਚ ਪੈਦਾ ਕੀਤੀ ਵਰਣ ਵੰਡ, ਔਰਤ ਦੀ ਨਿਰਾਸ਼ਾਜਨਕ ਸਥਿਤੀ ਅਤੇ ਕਠੋਰ ਜਾਤੀ ਪ੍ਰਣਾਲੀ ਦਾ ਤਿੱਖਾ ਵਿਰੋਧ ਧਾਰਮਿਕ ਸ਼ਬਦਾਵਲੀ ਅਤੇ ਲੋਕ ਮੁਹਾਵਰੇ ਰਾਹੀਂ ਪੇਸ਼ ਕੀਤਾ ਹੈ। ਭਗਤੀ ਕਾਲ ਦੇ ਭਗਤ ਕਵੀਆਂ ਨੇ ਤਤਕਾਲੀਨ ਰਾਜਨੀਤਿਕ, ਸਮਾਜਕ ਤੇ ਧਾਰਮਿਕ ਕੁਰੀਤੀਆਂ ਦਾ ਖੰਡਨ ਕੀਤਾ ਅਤੇ ਲੋਕਾਂ ਵਿਚ ਸਮਾਜਕ, ਧਾਰਮਿਕ, ਸਭਿਆਚਾਰਕ ਤੇ ਨੈਤਿਕ ਗਿਰਾਵਟ ਬਾਰੇ ਵੀ ਤਿੱਖੇ ਤੇ ਕਰੜੇ ਸ਼ਬਦਾਂ ਰਾਹੀਂ ਸਮਾਜ ਵਿਚਲੇ ਜਾਤੀ ਦੇ ਜਮਾਤੀ ਵਿਰੋਧਾਂ ਦੀ ਗੱਲ ਕੀਤੀ। ਧਰਮ ਅਤੇ ਸਤ੍ਹਾ ਦੇ ਗੱਠਜੋੜ ਕਾਰਣ ਪੈਦਾ ਹੋਈਆਂ ਰਾਜਨੀਤਿਕ, ਸਮਾਜਿਕ, ਧਾਰਮਿਕ ਤੇ ਸਭਿਆਚਾਰਕ ਕੁਰੀਤੀਆਂ ਦੀ ਦਰੁਸਤੀ ਲਈ ਇਨ੍ਹਾਂ ਚਿੰਤਕਾਂ ਨੇ ਸਿਧਾਂਤਕ ਤੇ ਵਿਹਾਰਕ ਅਗਵਾਈ ਕੀਤੀ। ਮੱਧਕਾਲੀ ਭਗਤ ਕਵੀਆਂ ਨੇ ਨੀਵਿਆਂ ਨਿਤਾਣਿਆਂ ਦੀ ਬੇਗ਼ਾਨਗੀ ਨੂੰ ਆਪਣੀ ਕਵਿਤਾ ਅਤੇ ਪ੍ਰਵਚਨਾਂ ਰਾਹੀਂ ਪ੍ਰਗਟਾਇਆ ਹੈ।*

---------------------------------x---------------------------------

ਮੱਧਕਾਲੀਨ ਭਗਤ ਕਵੀਆਂ ਦੇ ਵੇਲ਼ੇ ਬਹੁਦੇਵਵਾਦ ਜਾਂ ਬਹੁਈਸ਼ਵਰਵਾਦ ਦੀ ਧਾਰਨਾ ਮੌਜੂਦ ਸੀ। ਬ੍ਰਾਹਮਣਵਾਦੀ ਵਿਚਾਰਧਾਰਾ ਕਰਕੇ ਲੋਕਾਂ ਵਿਚ ਬਹੁਈਸ਼ਵਰਵਾਦ ਜਾਂ ਬਹੁਦੇਵਵਾਦ ਦੀ ਵਿਚਾਰਧਾਰਾ ਪ੍ਰਚੱਲਿਤ ਸੀ। ਇਸ ਸਮੇਂ ਭਗਤ ਕਵੀਆਂ ਨੇ ਬਹੁਈਸ਼ਵਰਵਾਦ ਦਾ ਡਟ ਕੇ ਵਿਰੋਧ ਕੀਤਾ। ਇਸ ਤਰ੍ਹਾਂ ਅਜਿਹਾ ਸੀ ਜਦੋਂ ਹਿੰਦੂ ਤੇ ਮੁਸਲਮਾਨ ਦੋਨੋਂ ਧਰਮਾਂ ਦੇ ਲੋਕ ਬਹੁਈਸ਼ਵਰਵਾਦੀ ਹੋ ਰਹੇ ਸਨ। ਭਗਤ ਕਵੀਆਂ ਨੇ ਇਕੇਸ਼ਵਰਵਾਦ ਦੀ ਖੁੱਲ੍ਹ ਕੇ ਵਿਆਖਿਆ ਕੀਤੀ ਅਤੇ ਸਮਕਾਲੀਨ ਫਿਰਕਾਪ੍ਰਸਤ ਸਮੱਸਿਆ ਨੂੰ ਵੀ ਇਸੇ ਸਿਧਾਂਤ ਦੇ ਸਹਾਰੇ ਸੁਲਝਾਉਣ ਦੀ ਕੋਸ਼ਿਸ਼ ਕੀਤੀ। ਬ੍ਰਹਮ ਬਾਰੇ ਦਾਰਸ਼ਨਿਕ ਸੰਕਲਪ ਪੇਸ਼ ਕਰਨਾ ਵੀ ਭਗਤ ਕਵੀਆਂ ਦੀ ਵੱਡੀ ਪ੍ਰਾਪਤੀ ਹੈ ਕਿਉਂਕਿ ਤਤਕਾਲੀਨ ਸਮੇਂ ਬ੍ਰਾਹਮਣਵਾਦੀ ਵਿਚਾਰਧਾਰਾ ਦੇ ਸਾਹਮਣੇ ਇਕ ਵੱਖਰਾ ਸਿਧਾਂਤ ਪੇਸ਼ ਕੀਤਾ:

**ਸਾਹਿਬ ਮੇਰਾ ਏਕੋ ਹੈ**

**ਏਕੋ ਹੈ ਭਾਈ ਏਕੋ ॥**[1]

ਕਬੀਰ ਸਾਹਿਬ ਨੇ ਵੀ ਰਾਮ ਨਾਲ਼ ਸਬੰਧਤ ਸਾਰੀਆਂ ਧਾਰਨਾਵਾਂ ਨੂੰ ਬਦਲਿਆ। ਈਸ਼ਵਰ ਦੇ ਸੰਕਲਪ ਦੀ ਮੁੜ ਵਿਆਖਿਆ ਕੀਤੀ ਅਤੇ ਉਸਨੂੰ ਸਰਬ ਸਾਂਝਾ, ਸਰਬ ਵਿਆਪਕ ਅਤੇ ਨਿਰਾਕਾਰ ਦਸਦੇ ਹੋਏ, ਉਸਦੇ ਗੁਣ ਗਾਏ। ਭਗਤ ਕਵੀਆਂ ਨੇ ਨਰਕ ਸਵਰਗ ਦੋਵੇਂ ਰੱਦ ਕਰ ਦਿੱਤੇ। ਕਬੀਰ ਸਾਹਿਬ ਲਿਖਦੇ ਹਨ ਕਿ ਗੁਰੂ ਦੀ ਕਿਰਪਾ ਕਰਕੇ ਮੈਂ ਦੋਵਾਂ ਵਿੱਚੋਂ ਕਿਸੇ ਦਾ ਵੀ ਮੁਥਾਜ ਨਹੀਂ। ਮੈਂ ਤਾਂ ਸਿੰਘਾਸਨ ਉੱਤੇ ਬੈਠ ਗਿਆ ਹਾਂ ਅਤੇ ਪਰਮਾਤਮਾ ਨਾਲ ਮੇਲ ਕਰ ਲਿਆ ਹੈ :

**ਕਵਨੁ ਨਰਕ ਕਿਆ ਸੁਰਗ ਵਿਚਾਰਾ ਸੰਤਨ ਦੋਊ ਰਾਦੇ ॥**

**ਹਮ ਕਾਹੂ ਕੀ ਕਾਣਿ ਨਾ ਕਢਤੇ ਅਪਨੇ ਗੁਰ ਪਰਸਾਦੇ ॥**

**ਅਬ ਠਾਉ ਜਾਇ ਚਢੇ ਸਿਘਾਸਨ ਮਿਲੇ ਹੈ ਸਾਰਿਗਪਾਨੀ ॥**

**ਰਾਮ ਕਬੀਰਾ ਏਕ ਭਏ ਹੈ ਕੋਇ ਨਾ ਸਕੈ ਪਛਾਨੀ ॥**[2]

ਭਗਤ ਕਵੀਆਂ ਨੇ ਬ੍ਰਹਮ ਪ੍ਰਾਪਤੀ ਦੇ ਸਾਧਨ ਅਤੇ ਬ੍ਰਹਮ ਬਾਰੇ ਬ੍ਰਾਹਮਣਵਾਦੀ ਵਿਚਾਰਧਾਰਾ ਤੋਂ ਵੱਖਰੇ ਸਿਧਾਂਤ ਪੇਸ਼ ਕੀਤੇ। "ਭਗਤੀ ਧਾਰਾ ਦੇ ਸੰਤਾਂ ਦੀ ਸਮਾਜਕ ਅਤੇ ਅਧਿਆਤਮਕ ਖੇਤਰ 'ਚ ਪ੍ਰਾਪਤੀ ਮਹੱਤਵਪੂਰਨ ਕਹੀ ਜਾ ਸਕਦੀ ਹੈ, ਕਿਉਂਕਿ ਉਨ੍ਹਾਂ ਨੇ ਉਸ 'ਬ੍ਰਹਮਾ' ਦੀ ਪ੍ਰਾਪਤੀ ਕਰਕੇ ਦੀਵੱਜ ਨਾਮਕ ਜਾਤੀਆਂ ਦੀ ਬ੍ਰਹਮਪ੍ਰਾਪਤੀ ਤੇ -ਪ੍ਰਾਪਤੀ ਦੀ ਇਜ਼ਾਰੇਦਾਰੀ ਖ਼ਤਮ ਕੀਤੀ ਜਿਸ ਦੀ ਸਾਧਨਾ ਤੇ -ਗਿਆਨ ਪ੍ਰਾਪਤੀ ਦੀ ਬ੍ਰਾਹਮਣੀ ਧਾਰਾ ਵਿਚ ਨੀਵੀਆਂ ਜਾਤੀਆਂ ਲਈ ਮਨਾਹੀ ਸੀ।"[3] ਭਗਤ ਕਵੀਆਂ ਦੀਆਂ ਰਚਨਾਵਾਂ ਵਿਚਲਾ ਬ੍ਰਹਮ ਨਿਰਾਕਾਰ ਹੈ।

www.ignited.in

ਰਾਮ ਜਾਂ ਕ੍ਰਿਸ਼ਨ ਦਾ ਸੰਬੋਧਕ ਸਿਰਫ਼ ਦ੍ਰਿਸ਼ਟਾਂਤ ਦੇ ਤੌਰ 'ਤੇ ਆਇਆ ਹੈ।

ਭਗਤ ਬਾਣੀ ਵਿਚ ਸਿਰਫ਼ ਅਧਿਆਤਮਕ ਪੱਖ ਨੂੰ ਹੀ ਪੇਸ਼ ਨਹੀਂ ਕੀਤਾ ਗਿਆ, ਸਗੋਂ ਉਨ੍ਹਾਂ ਨੇ ਸਮਾਜਕ, ਧਾਰਮਿਕ, ਸਭਿਆਚਾਰਕ ਆਦਿ ਪੱਖਾਂ ਬਾਰੇ ਵੀ ਆਪਣੀਆਂ ਰਚਨਾਵਾਂ ਵਿਚ ਖੁੱਲ੍ਹ ਕੇ ਵਿਚਾਰ-ਚਰਚਾ ਕੀਤੀ ਹੈ। ਭਗਤਾਂ ਦੇ ਸਮੇਂ ਸਮਾਜ ਵਿਚ ਵਰਣ ਵਿਵਸਥਾ ਇਸ ਹੱਦ ਤੱਕ ਕਰੂਰ ਹੋ ਗਈ ਸੀ ਕਿ ਭਗਤਾਂ ਨੇ ਇਸ 'ਤੇ ਕਠੋਰ ਪਰਿਹਾਰ ਕੀਤੇ। ਪ੍ਰਾਚੀਨ ਧਰਮ ਗ੍ਰੰਥਾਂ ਉਪਰ ਆਧਾਰਿਤ ਵਰਣ ਵਿਵਸਥਾ ਨੂੰ ਉਨ੍ਹਾਂ ਨੇ ਅਵਿਗਿਆਨਕ ਅਤੇ ਅਵਿਸ਼ਵਾਸਨੀਯ ਕਰਾਰ ਦਿੱਤਾ ਅਤੇ ਉਨ੍ਹਾਂ ਨੇ ਮਹਿਸੂਸ ਕੀਤਾ ਕਿ ਇਸ ਨਾਲ਼ ਸਮਾਜ ਦਾ ਬਹੁਤ ਨੁਕਸਾਨ ਹੋ ਰਿਹਾ ਹੈ। ਜਾਤ ਪਾਤ ਦੀ ਵਿਰੋਧ ਕਰਦੇ ਹੋਏ, ਉੱਚੀ ਕੁੱਲ ਵਿਚ ਜਨਮਿਆ ਅਖਵਾਉਣ ਵਾਲ਼ੇ ਬ੍ਰਾਹਮਣ ਜਾਤੀ ਦੇ ਪ੍ਰਤਿਕਰਮ ਵਜੋਂ ਕਬੀਰ ਸਾਹਿਬ ਲਿਖਦੇ ਹਨ :

**ਜੌ ਤੂ ਬ੍ਰਾਹਮਣ ਬ੍ਰਾਹਮਣੀ ਜਾਇਆ**

**ਤਉ ਆਨ ਵਾਟ ਕਾਹੇ ਨਹੀ ਆਇਆ॥**[4]

ਵਰਣ ਆਸ਼ਰਮ ਵਿਵਸਥਾ ਬਾਰੇ ਭਗਤ ਬਾਣੀ ਵਿਚ ਤਿੱਖੇ ਤੇ ਕਰੜੇ ਸ਼ਬਦਾਂ ਵਿਚ ਵਿਰੋਧ ਕੀਤਾ ਗਿਆ ਹੈ। ਵਰਣ ਆਸ਼ਰਮ ਵਿਵਸਥਾ ਵਿਚ ਜਾਤਪਾਤ-, ਵੱਖਵਾਦ, ਫਿਰਕਾਪ੍ਰਸਤੀ, ਅਡੰਬਰ, ਦੁਰਾਚਰੀ, ਆਰਥਿਕ ਲੁੱਟ ਮਾਰ, ਗ਼ੈਰ ਇਨਸਾਨੀਅਤ ਸਮਾਜਕ ਵਰਤਾਰਾ ਆਦਿ ਦੁਰਾਚਾਰ ਆ ਗਏ ਤੇ ਉਸਾਰੂ ਕਦਰਾਂ ਕੀਮਤਾਂ ਆਪਣਾ ਅਰਥ ਗੁਆ ਚੁਕੀਆਂ ਸਨ। ਭਗਤ ਵਿਚ ਬ੍ਰਾਹਮਣਵਾਦੀ ਵਿਚਾਰਧਾਰਾ ਲਾਗੂ ਹੋਣ ਕਰਕੇ ਜਾਤੀ ਵਿਵਸਥਾ ਜਨਮ ਆਧਾਰਿਤ ਬਣਾ ਦਿੱਤੀ ਗਈ ਸੀ ਜੋ ਸਮਾਜ ਲਈ ਹਾਨੀਕਾਰਕ ਚਰੋ ਚੁੱਕੀ ਸੀ। “ਸੰਤਾਂ ਨੇ ਅਜਿਹੀ ਵਿਵਸਥਾ ਨੂੰ ਮੰਨਣ ਤੋਂ ਨਾਂਹ ਕਰ ਦਿੱਤੀ ਜਿਹੜੀ ਕਿਸੇ ਨੂੰ ਨੀਵਾਂ ਅਤੇ ਕਿਸੇ ਨੂੰ ਉਚਾ ਬਣਾ ਦੇਵੇ।”[5] ਭਗਤ ਨਾਮਦੇਵ ਵੀ ਆਪਣੀ ਬਾਣੀ ਵਿਚ ਇਸੇ ਤਰ੍ਹਾਂ ਦਾ ਸੰਦੇਸ਼ ਦਿੰਦੇ ਨਜ਼ਰ ਆਉਂਦੇ ਹਨ ਕਿ ਜਨਮ ਤੋਂ ਉਹ ਬੇਸ਼ਕ ਨੀਵੀਂ ਜਾਤ ਤੇ ਹਨ, ਪਰ ਪ੍ਰਮਾਤਮਾ ਦੀ ਭਗਤੀ ਕਰਕੇ ਉਹ ਦੂਸਰੀਆਂ ਜਾਤੀਆਂ ਦੇ ਬਰਾਬਰ ਹੋ ਗਏ ਹਨ। ਭਗਤ ਰਵਿਦਾਸ ਨੇ ਵੀ ਦੱਬੇਕੁਚਲੇ ਸਮਾਜ ਨੂੰ ਦੱਸਿਆ ਕਿ - ਪ੍ਰਭੂ ਭਗਤੀ ਨੀਵਿਆਂ ਨੂੰ ਉਚਾ ਕਰਨ ਦੀ ਅਸੀਮ ਸ਼ਕਤੀ ਰੱਖਦੀ ਹੈ:

**ਐਸੀ ਲਾਲ ਤੁਝ ਬਿਨ ਕਉਨ ਕਰੈ॥**

**ਗਰੀਬ ਨਿਵਾਜੁ ਗੁਸਈਆ ਮੇਰਾ ਮਾਥੇ ਛਤ੍ਰ ਧਰੈ॥ ੨ ਰਹਾਉ॥**

**ਜਾ ਕੀ ਛੋਤਿ ਜਗਤਿ ਕਉ ਲਾਗੈ ਤਾ ਪਰ ਤੁਹੀ ਢਰੈ॥**

**ਨੀਚਹੂ ਊਚ ਕਰੈ ਮੇਰਾ ਗੋਬਿੰਦ ਕਾਹੂ ਤੇ ਨਾ ਡਰੈ॥**[6]

ਮੱਧਕਾਲੀਨ ਸਮੇਂ ਵਿਚ ਧਰਮ ਅਤੇ ਸਤ੍ਹਾ ਦੇ ਗੱਠਜੋੜ ਕਰਕੇ ਸਮਾਜ ਵਿਚਲੀ ਵਰਣ ਵਿਵਸਥਾ ਨੂੰ ਕੋਈ ਉਚ ਸ਼੍ਰੇਣੀ ਦਾ ਵਿਅਕਤੀ ਜਾਂ ਨੇਤਾ ਤੋੜਨਾ ਨਹੀਂ ਚਾਹੁੰਦਾ ਸੀ। ਇਨ੍ਹਾਂ ਭਗਤ ਕਵੀਆਂ ਨੇ ਹੀ ਕਲਿਆਣਕਾਰੀ ਰਾਜ ਦਾ ਸੁਪਨਾ ਲਿਆ। ਭਗਤ ਰਵਿਦਾਸ ਨੇ ਤਾਂ 'ਬੇਗਮਪੁਰੇ' ਵਰਗੇ ਕਲਿਆਣਕਾਰੀ ਰਾਜ ਦੇ ਸੰਕਲਪ ਦੀ ਸਿਰਜਣਾ ਕੀਤੀ। ਇਹ ਬੇਗਮਪੁਰਾ ਰਾਜ ਵਸਾਉਣਾ ਬ੍ਰਾਹਮਣਵਾਦੀ ਵਿਚਾਰਧਾਰਾ ਦੇ ਖਿਲਾਫ਼ ਆਪਣੀ ਆਵਾਜ਼ ਨੂੰ ਬੁਲੰਦ ਕਰਨਾ ਸੀ। ਭਗਤ ਰਵਿਦਾਸ ਦੇ ਸੁਤੰਤਰ ਅਤੇ ਆਦਰਸ਼ ਲੋਕ ਰਾਜ ਵਿਚ ਕੋਈ ਸ਼ਹਿਰੀ ਦੂਜੇ ਦਰਜੇ ਦਾ ਨਹੀਂ, ਸਭ ਬਰਾਬਰ ਹਨ :

**ਬੇਗਮਪੁਰਾ ਸਹਿਰ ਕਾ ਨਉ ਦੁਖ ਅੰਦਹੋ ਨਹੀਂ ਤਹਿ ਠਾਓ।।**[7]

ਭਗਤ ਕਵੀਆਂ ਨੇ ਜਾਤੀ ਭੇਦਭਾਵ-, ਮੂਰਤੀ ਪੂਜਾ, ਤੀਰਥ, ਇਸ਼ਨਾਨ ਆਦਿ ਧਾਰਮਿਕ ਬੁਰਾਈਆਂ ਵਿਰੁੱਧ ਆਪਣਾ ਤਿੱਖਾ ਪ੍ਰਤਿਕਰਮ ਦਿੱਤਾ। ਭਗਤ ਕਬੀਰ ਦੀ ਬਾਣੀ ਵਿਚੋਂ ਉਚੀਆਂ ਜਾਤੀਆਂ ਦੇ ਜਾਤੀ ਅਭਿਮਾਨ ਤੇ ਧਾਰਮਿਕ ਕਰਮ-ਕਾਂਡਾਂ ਬਾਰੇ ਪ੍ਰਤਿਰੋਧਕ ਸੁਰ ਦੇਖੀ ਜਾ ਸਕਦੀ ਹੈ।

ਪਿਛਲੇ 1500 ਸਾਲਾਂ ਤੋਂ ਭਾਰਤੀ ਸਮਾਜਕ ਸੰਰਚਨਾ ਵਿਚ ਛੂਆ-ਛਾਤ ਦੀਆਂ ਹਜ਼ਾਰਾਂ ਉਦਾਹਰਣਾਂ ਦੇਖਣ ਤੇ ਸੁਣਨ ਨੂੰ ਮਿਲਦੀਆਂ ਹਨ। ਅੱਜ ਤੋਂ ਡੇਢ ਹਜ਼ਾਰ ਸਾਲ ਪਹਿਲਾਂ ਦੀਆਂ ਸਮਾਜਿਕ ਤੇ ਧਾਰਮਿਕ ਕੁਰੀਤੀਆਂ ਦਾ ਡੱਟ ਕੇ ਵਿਰੋਧ ਕੀਤਾ ਕਿ ਇਨ੍ਹਾਂ ਭਗਤਾਂ ਦੇ ਹੌਸਲੇ ‘ਤੇ ਹੈਰਾਨੀ ਹੁੰਦੀ ਹੈ। ਅੱਜ ਵੀ ਇਹ ਜਾਤ-ਪਾਤੀ ਸਮਾਜਿਕ ਕੁਰੀਤੀਆਂ ਮੂੰਹ ਅੱਡੀਂ ਖੜ੍ਹੀਆਂ ਹਨ ਜਿਨ੍ਹਾਂ ਘਟਨਾਵਾਂ ਨੂੰ ਦੇਖ ਕੇ ਸ਼ਰਮ ਨਾਲ ਸਿਰ ਝੁਕਦਾ ਹੈ। ਭਗਤ ਨਾਮਦੇਵ, ਕਬੀਰ ਤੇ ਰਵਿਦਾਸ ਨੇ ਆਪ ਇਸ ਛੂਆ ਛਾਤ ਦਾ ਸਾਹਮਣਾ ਕੀਤਾ ਹੈ। ਭਗਤ ਨਾਮਦੇਵ ਨੂੰ ਸ਼ੂਦਰ ਕਹਿ ਕੇ ਮੰਦਰ ਵਿਚੋਂ ਬਾਹਰ ਸੁੱਟਿਆ ਗਿਆ। ਭਗਤ ਕਬੀਰ ਤੇ ਭਗਤ ਰਵਿਦਾਸ ਨੂੰ ਵੀ ਹਾਕਮ ਵਰਗ ਤੇ ਪੁਜਾਰੀ ਵਰਗ ਦੇ ਵਿਰੋਧ ਦਾ ਸਾਹਮਣਾ ਕਰਨਾ ਪਿਆ ਜਿਸ ਦੇ ਸਿੱਟੇ ਵਜੋਂ ਇਨ੍ਹਾਂ ਭਗਤ ਕਵੀਆਂ ਨੇ ਆਪਣੇ ਨਾਲ ਅਤੇ ਸਮਾਜ ਨਾਲ ਕੀਤੀ ਜਾ ਰਹੀ ਧੱਕੇਸ਼ਾਹੀ ਦੇ ਖਿਲਾਫ਼ ਤਿੱਖੇ ਤੇ ਕਰੜੇ ਸ਼ਬਦਾਂ ਰਾਹੀਂ ਪ੍ਰਤਿਕਰਮ ਦਿੱਤੇ। “ਨਿਮਨ ਜਾਤੀਆਂ ਦੇ ਸੰਤਾਂ ਨੇ ਇਸ ਇਜਾਰੇਦਾਰੀ ਵਿਰੁੱਧ ਬਗ਼ਾਵਤ ਅਤੇ ਸਮਰਪਣ ਪਰਮਾਤਮਾ ਦੀ ਭਗਤੀ ਦਾ ਅਧਿਕਾਰ ਆਪਣੇ ਸੰਘਰਸ਼, ਸੁਹਿਰਦਤਾ ਅਤੇ ਸਮਰਪਣ ਰਾਹੀਂ ਪ੍ਰਾਪਤ ਕੀਤਾ।"[8] ਸਮਾਜ ਦਾ ਇਕ ਵੱਡਾ ਹਿੱਸਾ ਉੱਚੀਆਂ ਜਾਤੀਆਂ ਦੇ ਜ਼ੁਲਮਾਂ ਤੋਂ ਤੰਗ ਆ ਚੁੱਕਿਆ ਸੀ, ਜਿਸਨੂੰ ਸਮਾਜਕ ਤੇ ਧਾਰਮਿਕ ਤੌਰ 'ਤੇ ਇਨ੍ਹਾਂ ਭਗਤ ਕਵੀਆਂ ਨੇ ਨਵਾਂ ਰਸਤਾ ਦਿਖਾਇਆ ਜਿਸ ਦੇ ਪ੍ਰਮਾਣ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਭਗਤ ਬਾਣੀ ਤੋਂ ਮਿਲਦੇ ਹਨ।

ਭਗਤ ਬਾਣੀ ਵਿਚ ਸਿਧਾਂਤ ਤੇ ਵਿਵਹਾਰ ਦਾ ਸੁਮੇਲ ਵੀ ਦੇਖਣ ਨੂੰ ਮਿਲਦਾ ਹੈ, ਜਿਹੜਾ ਭਗਤਾਂ ਦੇ ਸਮੇਂ ਸਮਾਜ ਵਿਚ ਹੋਰਨਾਂ ਧਾਰਮਿਕ ਪਾਖੰਡੀਆਂ ਵਿਚ ਨਹੀਂ ਸੀ। ਬ੍ਰਾਹਮਣਵਾਦੀ ਵਿਚਾਰਧਾਰਾ ਦੇ ਪ੍ਰਭਾਵ ਹੇਠ ਪੁਜਾਰੀਆਂ ਆਦਿ ਨੇ ਸਿਧਾਂਤ ਲੋਕਾਂ 'ਤੇ ਲਾਗੂ ਕੀਤੇ ਹੋਏ ਸਨ। ਧਾਰਮਿਕ ਪਖੰਡੀ ਲੋਕ ਆਪ ਸਿਧਾਂਤਾਂ 'ਤੇ ਨਹੀਂ ਚਲਦੇ ਸਨ, ਉਲਟਾ ਲੋਕਾਈ ਨੂੰ ਗੁੰਮਰਾਹ ਕਰਦੇ ਸਨ। “ਭਗਤਾਂ ਨੇ 'ਕਿਰਤ' ਅਤੇ 'ਕਿਰਤੀ' ਦੋਵਾਂ ਨੂੰ ਮਾਣ ਸਨਮਾਨ ਤੇ ਸਮਾਜਿਕ ਮਾਨਤਾ ਦਿੱਤੀ। ਉਨ੍ਹਾਂ ਦੀ ਭਗਤੀ ਕਿਰਤ ਅਤੇ ਸਾਧਨਾ ਦਾ ਸੁਮੇਲ ਸੀ। ਰਵਿਦਾਸ ਜਿੱਥੇ

www.ignited.in

ਮੋਚੀ ਦਾ ਕੰਮ ਕਰਦੇ, ਨਾਲ ਨਾਲ ਪ੍ਰਭੂ ਦਾ ਨਾਮ ਵੀ ਜਾਪਦੇ। ਕਬੀਰ ਦਾਸ ਰੱਬ ਦਾ ਨਾਮ ਵੀ ਲੈਂਦੇ ਅਤੇ ਕੱਪੜੇ ਵੀ ਬੁਣਦੇ ਜਾਂਦੇ। ਨਾਮਦੇਵ, ਸਧਨਾ, ਧੰਨਾ ਸਾਰੇ ਭਗਤ ਆਪਣੀ ਕਿਰਤ ਵੀ ਕਰਦੇ ਤੇ ਭਗਤੀ 'ਚ ਲੀਨ ਵੀ ਰਹਿੰਦੇ।"[9] ਭਗਤ ਬਾਣੀ ਵਿਚਲੇ ਸੰਦੇਸ਼ ਲੋਕਾਂ ਦੇ ਦਿਲਾਂ ਅੰਦਰ ਉੱਤਰ ਗਏ ਅਤੇ ਸਮਾਜ ਅੰਦੋਲਿਤ ਹੋ ਗਿਆ। "ਕਬੀਰ, ਰਵਿਦਾਸ ਵਰਗੇ ਮਹਾਨ ਸੰਤਾਂ ਨੇ ਇਕ ਅਜਿਹੇ ਸਮਾਜ ਦੀ ਕਲਪਨਾ ਕੀਤੀ ਜਿਥੇ ਦੁੱਖ-ਸੁੱਖ ਦਾ ਦਵੰਦ ਨਾ ਹੋਵੇ। ਕਿਸੇ ਜਾਤੀ ਵਰਣ ਦਾ ਬੰਧਨ ਨਾ ਹੋਵੇ, ਹਰ ਪਾਸੇ ਪਿਆਰ ਹੀ ਪਿਆਰ ਹੋਵੇ।"[10] ਭਗਤ ਬਾਣੀ ਵਿਚ ਵਰਣ-ਵਿਵਸਥਾ ਦੇ ਸ਼ਿਕਾਰ, ਬੇਸਹਾਰਾ, ਗਰੀਬਾਂ ਦੀ ਪੀੜ ਨੂੰ ਜ਼ਬਾਨ ਦਿੱਤੀ ਗਈ ਹੈ। ਭਗਤ ਕਵੀਆਂ ਨੇ ਉਨ੍ਹਾਂ ਦੇ ਆਤਮ ਬਲ ਨੂੰ ਉੱਚਾ ਕਰਨ 'ਚ ਸਾਰਥਿਕ ਭੂਮਿਕਾ ਨਿਭਾਈ ਅਤੇ ਸਮਾਜਿਕ, ਸਹਿਨਸ਼ੀਲਤਾ ਤੇ ਸਦਾਚਾਰਕ ਭਾਈਚਾਰੇ ਦੀ ਭਾਵਨਾ ਨੂੰ ਉਤਸ਼ਾਹਿਤ ਕੀਤਾ।

ਮੱਧਕਾਲੀਨ ਸਮੇਂ ਵਿਚ ਭਗਤ ਕਵੀਆਂ ਤੋਂ ਪਹਿਲਾਂ ਦਾਰਸ਼ਨਿਕ ਵਿਚਾਰਾਂ ਦਾ ਆਧਾਰ ਸੰਸਕ੍ਰਿਤ ਭਾਸ਼ਾ ਨੂੰ ਮੰਨਿਆ ਜਾਂਦਾ ਸੀ। ਸੰਸਕ੍ਰਿਤ ਭਾਸ਼ਾ ਹਰੇਕ ਵਰਗ ਦੇ ਲੋਕਾਂ ਨੂੰ ਸਿੱਖਣ ਤੋਂ ਮਨਾਹੀ ਸੀ। ਭਗਤ ਕਵੀਆਂ ਨੇ ਆਪਣੇ ਵਿਚਾਰਾਂ ਨੂੰ ਪ੍ਰਗਟ ਕਰਨ ਲਈ ਪ੍ਰਚੱਲਿਤ ਕਾਵਿ-ਰੂਪਾਂ ਨੂੰ ਅਪਣਾਇਆ। "ਕਬੀਰ ਬਾਣੀ ਦਾ ਸਾਹਿਤਿਕ ਵਿਸ਼ਲੇਸ਼ਣ ਕਰਨ ਸਮੇਂ ਇਸ ਤੱਥ ਨੂੰ ਵੀ ਧਿਆਨ ਵਿਚ ਰੱਖਣ ਦੀ ਜ਼ਰੂਰਤ ਹੈ ਕਿ ਉਨ੍ਹਾਂ ਦੀਆਂ ਰਚਨਾਵਾਂ ਦਾ ਪ੍ਰਮੁੱਖ ਉਦੇਸ਼ ਸਮਾਜ ਨੂੰ ਸੇਧ ਦੇਣਾ ਸੀ ਅਤੇ ਇਨ੍ਹਾਂ ਦਾ ਕਾਰਜ ਖੇਤਰ ਵੀ ਸਰਬ ਸਾਧਾਰਣ ਸਮਾਜ ਹੀ ਸੀ। ਇਸੇ ਕਾਰਣ ਉਨ੍ਹਾਂ ਨੇ ਅਜਿਹੇ ਕਾਵਿ ਰੂਪਾਂ ਨੂੰ ਅਪਣਾਇਆ ਜੋ ਕਾਫ਼ੀ ਲੋਕ-ਪ੍ਰਿਯ ਸਨ।"[11] ਭਗਤ ਕਵੀਆਂ ਨੇ ਆਪਣੇ ਪ੍ਰਵਚਨ ਨੂੰ ਆਮ ਲੋਕਾਂ ਦੀ ਬੋਲ ਚਾਲ- ਦੀ ਭਾਸ਼ਾ ਵਿੱਚ ਪੇਸ਼ ਕੀਤਾ। ਸੰਸਕ੍ਰਿਤ ਭਾਸ਼ਾ ਬ੍ਰਾਮਣ ਵਰਗ ਦੀ ਭਾਸ਼ਾ ਸੀ, ਜਿਸ ਨੂੰ ਆਮ ਵਰਗ ਦੇ ਲੋਕ ਬੋਲ ਤੇ ਨਾ ਹੀ ਲਿਖ ਸਕਦੇ ਸਨ। ਇਸ ਦੇ ਉਲਟ ਭਗਤ ਕਵੀਆਂ ਨੇ ਆਪਣੀਆਂ ਭਾਵਨਾਵਾਂ ਨੂੰ ਆਮ ਲੋਕਾਂ ਦੀ ਬੋਲੀ ਵਿਚ ਪੇਸ਼ ਕੀਤਾ। "ਦਰਸ਼ਨ ਅਤੇ ਧਰਮ ਦੇ ਗੰਭੀਰ ਚਿੰਤਨ ਨੂੰ ਨਾਮਦੇਵ ਜੀ ਨੇ ਲੋਕਾਂ ਦੀ ਬੋਲੀ ਵਿਚ ਅਭਿਵਿਅਕਤ ਕੀਤਾ। ਇਸ ਅਭਿਵਿਅਕਤੀ ਵਿਚ ਜਿਨ੍ਹਾਂ ਚਿੰਨ੍ਹਾਂ ਤੇ ਰੂਪਕਾਂ ਆਦਿ ਦੀ ਵਰਤੋਂ ਕੀਤੀ ਹੈ, ਉਹ ਆਮ ਜਨਜੀਵਨ ਵਿਚੋਂ ਲਏ ਹੋਣ ਕਰਕੇ ਪ੍ਰਭਾਵ ਦੀ ਦ੍ਰਿਸ਼ਟੀ ਤੋਂ ਬਹੁਤ ਪ੍ਰਭਾਵਸ਼ਾਲੀ ਹਨ।"[12] ਇਸ ਤਰ੍ਹਾਂ ਭਗਤ ਬਾਣੀ ਵਿਚ ਭਗਤ ਕਵੀਆਂ ਦਰਸ਼ਨ ਅਤੇ ਧਰਮ ਨੂੰ ਕੇਵਲ ਚਰਚਾ ਤੱਕ ਹੀ ਸੀਮਤ ਨਹੀਂ ਰਹਿਣ ਦਿੱਤਾ, ਸਗੋਂ ਇਸ ਨੂੰ ਸਿੱਖਿਆ ਦਾ ਪ੍ਰਸੰਗ ਵੀ ਪ੍ਰਦਾਨ ਕੀਤਾ। ਮੱਧਕਾਲੀਨ ਸਮੇਂ ਵਿਚ ਸਮਾਜ ਨੂੰ ਸਿਖਿਅਤ ਕਰਨ ਦੀ ਬਜਾਇ ਇਸ ਨੂੰ ਮੂਰਖ ਬਣਾ ਕੇ ਬੌਧਿਕ ਤੌਰ 'ਤੇ ਖੁੰਢਾ ਕਰਕੇ ਰੱਖਿਆ ਗਿਆ ਸੀ, ਪਰ ਭਗਤ ਕਵੀਆਂ ਨੇ ਬ੍ਰਾਹਮਣਵਾਦੀ ਵਿਚਾਰਧਾਰਾ ਦੇ ਉਲਟ ਧਰਮ ਅਤੇ ਦਰਸ਼ਨ ਦੇ ਪਰੰਪਰਕ ਪ੍ਰਸੰਗ ਵਿਚ ਨਵੇਂ ਜ਼ਾਵੀਏ ਸਥਾਪਿਤ ਕੀਤੇ।

ਸੋ ਉਪਰੋਕਤ ਤੋਂ ਸਪੱਸ਼ਟ ਹੈ ਕਿ ਭਗਤ ਬਾਣੀ ਵਿਚ ਭਗਤ ਕਵੀਆਂ ਨੇ ਆਪਣੇ ਚਿੰਤਨ ਦੇ ਮਾਧਿਅਮ ਦੁਆਰਾ ਇਕ ਬੜੀ ਸੁਹਿਰਦ ਅਤੇ ਦ੍ਰਿੜ੍ਹ ਕੋਸ਼ਿਸ਼ ਕੀਤੀ ਕਿ ਲੋਕ ਆਪਣੇ ਯੁੱਗ ਦੇ ਚਿਹਰੇ ਨੂੰ ਪਹਿਚਾਣਨ, ਉਸ ਦੇ ਮਿਜ਼ਾਜ ਨੂੰ ਸਮਝਣ ਅਤੇ ਫਿਰ ਆਪਣੇ ਆਚਾਰ-ਵਿਹਾਰ ਸਬੰਧੀ ਕੋਈ ਫ਼ੈਸਲਾ ਲੈਣ। ਉਨ੍ਹਾਂ ਨੇ ਮੱਧਕਾਲੀਨ ਯੁੱਗ ਦੀਆਂ ਸੋਚਾਂ ਅਤੇ ਕਰਮਾਂ ਦੇ ਸਾਰੇ ਰਿਵਾਇਤੀ ਪ੍ਰਤਿਮਾਨਾਂ ਉੱਪਰ ਪ੍ਰਸ਼ਨ-ਚਿੰਨ੍ਹ ਲਗਾਏ ਅਤੇ ਮਨੁੱਖ ਨੂੰ ਆਪਣੇ ਯੁੱਗ ਦੇ ਹਾਣ ਦੀ ਪ੍ਰੇਰਣਾ ਦਿੱਤੀ। ਇਸ ਤਰ੍ਹਾਂ ਗੁਰੂ ਗ੍ਰੰਥ ਸਾਹਿਬ ਵਿੱਚ ਦਰਜ ਭਗਤ ਬਾਣੀ ਵਿਚ ਬਹੁਤ ਸਾਰੇ ਪ੍ਰਤਿਰੋਧ ਪਏ ਹਨ, ਜਿਨ੍ਹਾਂ ਦੀਆਂ ਦਿਸ਼ਾਵਾਂ ਬਹੁਪਰਤੀ ਤੇ ਬਹੁਪਾਸਾਰੀ ਹਨ। ਇਨ੍ਹਾਂ ਪ੍ਰਤਿਰੋਧਾਂ ਕਰਕੇ ਹੀ ਭਗਤ ਬਾਣੀ ਦੀ ਸਮੁੱਚੀ ਵਿਚਾਰਧਾਰਾ ਇਕ ਕ੍ਰਾਂਤੀਕਾਰੀ ਅਮਲ ਹੋ ਨਿਬੜਦੀ ਹੈ।

## ਹਵਾਲੇ ਅਤੇ ਟਿੱਪਣੀਆਂ

1. ਗੁਰੂ ਗ੍ਰੰਥ ਸਾਹਿਬ, ਪੰਨਾ 350.
2. ਗੁਰੂ ਗ੍ਰੰਥ ਸਾਹਿਬ, ਪੰਨਾ 969 .
3. ਗਿਆਨ ਸਿੰਘ ਬੱਲ, ਸੰਤਾਂ ਦੇ ਸਮਾਜਿਕ ਸਰੋਕਾਰ, ਪੰਨਾ 231.
4. ਗੁਰੂ ਗ੍ਰੰਥ ਸਾਹਿਬ, ਪੰਨਾ 324.
5. ਭਗਤੀ ਕਾਲ ਦੇ ਸੰਤਾਂ ਦੀ ਸਮਾਜਿਕ ਸਦਭਾਵਨਾ, ਪੰਨਾ 123.
6. ਗੁਰੂ ਗ੍ਰੰਥ ਸਾਹਿਬ, ਪੰਨਾ 1106 .
7. ਗੁਰੂ ਗ੍ਰੰਥ ਸਾਹਿਬ, ਪੰਨਾ 345.
8. ਗਿਆਨ ਸਿੰਘ ਬੱਲ, ਸੰਤਾਂ ਦੇ ਸਮਾਜਿਕ ਸਰੋਕਾਰ, ਪੰਨਾ 19.
9. ਉਹੀ, ਪੰਨਾ 19.
10. ਦੇਵਿੰਦਰ ਕੁਮਾਰੀ ਮਹਿੰਦਰੂ, ਭਗਤੀ ਕਾਲ ਦੇ ਸੰਤਾਂ ਦੀ ਸੰਪ੍ਰਦਾਇਕ ਭਾਵਨਾ, ਪੰਨਾ 37.
11. ਬ੍ਰਹਮ ਜਗਦੀਸ਼ ਸਿੰਘ, ਭਗਤ ਬਾਣੀ ਚਿੰਤਨ ਤੇ ਕਲਾ, ਪੰਨਾ 30.
12. ਬਲਕਾਰ ਸਿੰਘ, ਗੁਰਮਤਿ ਵਿਵੇਚਨ, ਪੰਨਾ 126.

**Corresponding Author**

**Preet Inder Singh***

Assistant Professor, Department of Punjabi, Post Graduate Government College, Sector-46, Chandigarh